ਬੋਲੀ ਦੇਣ ਵਾਲਿਆਂ ਨੂੰ ਬੋਲੀ ਦੀ ਕਾਰਵਾਈ ਸੁਰੂ ਹੋਣ ਤੋ ਪਹਿਲਾਂ ਪਾਰਕਿੰਗ ਸਟੈਡ ਜਿਲ੍ਹਾਂ ਪ੍ਰਬੰਧਕੀ ਕੰਪਲੈਕਸ (ਡੀ.ਸੀ.ਦਫਤਰ) ਦੀ ਬੋਲੀ ਵਿੱਚ ਸਾਮਲ ਹੋਣ ਲਈ 3,00,000/- ਰੁਪੈ (ਤਿੰਨ ਲੱਖ) ਦਾ ਬੈਕ ਡਰਾਫਟ ਜੋ ਡਿਪਟੀ ਕਮਿਸ਼ਨਰ-ਕਮ-ਚੇਅਰਮੈਨ,ਓਪਰੇਸ਼ਨ ਅਤੇ ਮੈਨਟੀਨੇਸ ਸੋਸਾਇਟੀ ਫਾਰ ਜਿਲ੍ਹਾਂ ਪ੍ਰਬੰਧਕੀ ਕੰਪਲੈਕਸ (ਡੀ.ਸੀ.ਦਫਤਰ) ਲੁਧਿਆਣਾ ਦੇ ਨਾਮ ਤੇ ਹੋਵੇ ਬਤੋਰ ਸਕਿਊਰਟੀ ਜਿਲ੍ਹਾਂ ਨਾਜਰ ਪਾਸ ਜਮਾਂ ਕਰਵਾਉਣਾ ਹੋਵੇਗਾ,ਜੋ ਨੀਲਾਮੀ ਹੋਣ ਤੋ ਬਾਅਦ ਜੇਕਰ ਠੇਕੇ ਦੀ ਬੋਲੀ ਬੋਲੀਕਾਰ ਦੇ ਹੱਕ ਵਿੱਚ ਨਹੀ ਜਾਦੀ ਤਾਂ ਸਫਲ ਬੋਲੀਕਾਰ ਅਤੇ ਦੂਜੇ ਨੰਬਰ ਤੇ ਰਹਿਣ ਵਾਲੇ ਬੋ੍ਲੀਕਾਰ ਨੂੰ ਛੱਡਕੇ ਬਾਕੀਆਂ ਨੂੰ ਵਾਪਸ ਕਰ ਦਿੱਤਾ ਜਾਵੇਗਾ।ਸਫਲ ਬੋਲੀਕਾਰ ਦੀ ਸਕਿਉਰਟੀ ਵਜੋ ਓਪਰੇਸ਼ਨ ਅਤੇ ਮੈਨਟੀਨੇਸ ਸੋਸਾਇਟੀ ਦੇ ਖਾਤੇ ਵਿੱਚ ਜਮਾਂ ਰਕਮ ਮੁਬਲੱਗ 3,00,000/-ਰੁਪੈ ਠੇਕੇ ਦੀ ਸਮਾਪਤੀ ਉਪਰੰਤ ਜੇਕਰ ਠੇਕੇਦਾਰ ਵੱਲ ਕੋਈ ਬਕਾਇਆ ਨਹੀ ਰਹਿੰਦਾ ਨਿਯਮਾਂ ਅਨੁਸਾਰ ਰਿੰਫਡਏਬਲ ਹੋਵੇਗੀ।ਹਰ ਇੱਕ ਬੋਲੀਕਾਰ ਨੂੰ ਬੋਲੀ ਵਿੱਚ ਸਾਮਲ ਹੋਣ ਲਈ ਬੋਲੀ ਸਮੇ ਆਪਣੀ ਜਾਇਦਾਦ ਹੋਣ ਸਬੰਧੀ ਅਸਲ ਰਜਿਸਟਰੀ ਅਤੇ ਅਸਲ ਫਰਦ ਮੋਕੇ ਤੇ ਸਮਰਥ ਅਧਿਕਾਰੀ ਨੂੰ ਦਿਖਾਉਣ ਲਈ ਆਪਣੇ ਲਈ ਆਪਣੇ ਨਾਲ ਲਿਆਉਣੀ ਹੋਵੇਗੀ ਅਤੇ ਇਸ ਜਾਇਦਾਦ ਦੀ ਬਜਾਰੀ ਕੀਮਤ ਬੋਲੀ ਦੀ ਰਿਜਰਵ ਕੀਮਤ ਨਾਲੋਂ ਵੱਧ ਹੋਣੀ ਚਾਹੀਦੀ ਹੈ,ਜੋ ਬੋਲੀ ਸਮੇ ਸਮਰਥ ਅਧਿਕਾਰੀ ਵੱਲੋ ਵੇਖੀਆਂ ਜਾ ਸਕਦੀਆਂ ਹਨ।ਅਜਿਹਾ ਨਾ ਕਰਨ ਵਾਲਾ ਬੋਲੀਕਾਰ ਬੋਲੀ ਵਿੱਚ ਹਿੱਸਾ ਨਹੀ ਲੈ ਸਕੇਗਾ।ਸਭ ਤੋ ਵੱਧ ਬੋਲੀ ਦੇਣ ਵਾਲੇ ਸਫਲ ਬੋਲੀਕਾਰ ਨੂੰ ਬੋਲੀ ਦੀ ਕੁੱਲ ਰਕਮ ਦਾ 1/4 ਹਿੱਸਾ ਰਕਮ ਮੋਕੇ ਤੇ ਜਿਲ੍ਹਾ ਨਾਜਰ,ਡੀ.ਸੀ.ਦਫਤਰ ਪਾਸ ਜਮਾਂ ਕਰਵਾਉਣੀ ਹੋਵੇਗੀ।ਸਫਲ ਬੋਲੀਕਾਰ ਦੇ ਹੱਕ ਵਿੱਚ ਠੇਕੇ ਦੀ ਪ੍ਰਵਾਨਗੀ ਹੋਣ ਉਪਰੰਤ ਦੂਜੇ ਨੰਬਰ ਦੇ ਬੋਲੀਕਾਰ ਦੀ ਜਮਾਂ ਸਕਿਊਰਟੀ ਰਕਮ/ਬੈਕ ਡਰਾਫਟ ਉਸਨੂੰ ਵਾਪਸ ਕੀਤਾ ਜਾਵੇਗਾ।ਸਫਲ ਬੋਲੀਕਾਰ ਵੱਲੋ ਦਿੱਤੀ ਵੱਧ ਬੋਲੀ ਦੀ ਰਕਮ ਦਾ 1/4 ਹਿੱਸਾ ਮੋਕੇ ਤੇ ਜਮਾਂ ਕਰਵਾਉਣਾ ਹੋਵੇਗਾ।ਜੋ ਠੇਕੇ ਦੀਆ ਅਖੀਰਲੀਆਂ ਕਿਸਤਾਂ ਵਿੱਚ ਅਡਜਸ਼ਟ ਕੀਤਾ ਜਾਵੇਗਾ।ਜੇਕਰ ਸਫਲ ਬੋਲੀਕਾਰ ਅਜਿਹਾ ਕਰਨ ਵਿੱਚ ਅਸਫਲ ਰਹਿੰਦਾ ਹੈ ਤਾਂ ਉਸ ਦੀ ਸਕਿਉਰਟੀ ਵਜੋ ਜਮਾਂ ਰਕਮ ਜਬਤ ਕਰਕੇ ਦੂਜੇ ਨੰਬਰ ਦੇ ਬੋਲੀਕਾਰ ਨੂੰ ਠੇਕਾ ਚਲਾਉਣ ਦਾ ਮੋਕਾ ਦਿੱਤਾ ਜਾਵੇਗਾ ਜਾਂ ਠੇਕੇ ਦੀ ਬੋਲੀ ਦੋਬਾਰਾ ਹੋਵੇਗੀ।ਠੇਕੇ ਦੀ ਪਹਿਲੀ ਕਿਸਤ ਮਿਤੀ:01-05-2020 ਨੂੰ ਡਿਊ ਹੋਵੇਗੀ ਜੋ ਠੇਕੇਦਾਰ ਨੂੰ ਮਿਤੀ:05-05-2020 ਤੱਕ ਹਰ ਹਾਲਤ ਵਿੱਚ ਜਮਾਂ ਕਰਵਾਉਣੀ ਪਵੇਗੀ।ਠੇਕੇਦਾਰ ਨੂੰ ਠੇਕੇ ਦੀ ਬਕਾਇਆ ਰਹਿੰਦੀ ਰਕਮ 09 (ਨੌ) ਕਿਸਤਾਂ ਬਰਾਬਰ ਬੈਕ ਗਰੰਟੀ/ਪੀ.ਡੀ.ਸੀ ਅਸਲ ਰਜਿਸਟਰੀ/ਅਸਲ ਫਰਦ ਅਤੇ ਹੋਰ ਦਸਤਾਵੇਜ ਜਿਲ੍ਹਾ ਨਾਜਰ-ਕਮ-ਸਹਾਇਕ ਕੈਸੀਅਰ ਓਪਰੇਸ਼ਨ ਅਤੇ ਮੈਨਟੀਨੇਸ ਸ਼ੋਸਾਇਟੀ ਫਾਰ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਡੀ.ਸੀ.ਦਫਤਰ ਪਾਸ ਜਮਾਂ ਕਰਵਾਉਣੇ ਹੋਣਗੇ।ਠੇਕੇ ਦੀਆਂ ਬਾਕੀ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋ 5: 00 ਵਜੇ ਤੱਕ ਨਾਜਰ ਸਾਖਾ ਡੀ.ਸੀ.ਦਫਤਰ ਲੁਧਿਆਣਾ ਵਿੱਚ ਦੇਖੀਆਂ ਜਾ ਸਕਦੀਆਂ ਹਨ ਅਤੇ Website http://ludhiana.gov.in ਤੇ ਵੀ ਦੇਖੀਆਂ ਜਾ ਸਕਦੀਆਂ ਹਨ।ਸ਼ਰਤਾਂ ਵਿੱਚ ਕਿਸੇ ਕਿਸਮ ਦੀ ਤਬਦੀਲੀ ਸਬੰਧੀ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਅਧਿਕਾਰ ਰਾਖਵਾਂ ਹੈ।

ਵਧੀਕ ਡਿਪਟੀ ਕਮਿਸ਼ਨਰ (ਜ),
ਲੁਧਿਆਣਾ